• ਸੁਹਾਗ ਇਕਾਂਗੀ ਦਾ ਵਿਸ਼ਾ- ਵਸਤੂ ਕੀ ਹੈ?

= 'ਦੁਲਹਨ' (ਸੁਹਾਗ) ਇਕਾਂਗੀ ਪੰਜਾਬੀ ਇਕਾਂਗੀ ਦੇ ਪਿਤਾਮਾ ਈਸ਼ਵਰ ਚੰਦਰ ਨੰਦਾ ਦੇ ਸ੍ਰੀਮਤੀ ਨੌਰਾਹ ਰਿਚਰਡਜ਼ ਦੀ ਪ੍ਰੇਰਨਾ ਹੇਠ 1913 ਈ: ਵਿੱਚ ਲਿਖਿਆ ਅਤੇ ਇਹ ਉਹ ਇਕਾਂਗੀ ਹੈ, ਜਿਸ ਨਾਲ ਪੰਜਾਬੀ ਵਿੱਚ ਰੰਗ ਮੰਚ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਨਾਟਕ ਦੀ ਰਚਨਾ ਆਰੰਭ ਹੋਈ।

"ਈਸ਼ਵਰ ਚੰਦਰ ਨੰਦੇ ਦੇ ਨਾਟਕਾਂ ਦੇ ਵਿਸ਼ੇ ਵੀ ਉਸ ਦੇ ਆਪਣੇ ਵੇਖੇ, ਪਰਖੇ ਤੇ ਅਨੁਭਵ ਕੀਤੇ ਜੀਵਨ ਨਾਲ ਸੰਬੰਧ ਰੱਖਦੇ ਹਨ।" ਉਸ ਨੇ ਜਿੱਥੇ ਮੱਧ ਸ਼੍ਰੇਣੀ ਦੀਆਂ ਸਮੱਸਿਆਵਾਂ ਨੂੰ ਆਪਣੇ ਨਾਟਕਾਂ ਵਿੱਚ ਪੇਸ਼ ਕੀਤਾ, ਉੱਥੇ ਇਹ ਸਮੱਸਿਆਵਾਂ ਸਦੀਵਕ ਵੀ ਹਨ। ਉਸ ਨੇ ਨਾ ਹੀ ਭੂਤ ਵੱਲ ਤੇ ਨਾ ਹੀ ਭਵਿੱਖ ਵੱਲ ਦੀ ਝਾਤੀ ਮਾਰੀ ਹੈ, ਸਗੋਂ ਆਪਣੇ ਸਮੇਂ ਦਾ ਹਾਣੀ ਹੋ ਕੇ ਚਲਦਾ ਰਿਹਾ ਹੈ।

ਨੰਦੇ ਦੇ ਬਹੁਤੇ ਨਾਟਕਾਂ ਤੇ ਇਕਾਂਗੀਆਂ ਦੇ ਵਿਸ਼ੇ ਝਾਤੀ 'ਵਿਆਹ' ਦੀ ਸਮੱਸਿਆ ਨਾਲ ਸੰਬੰਧਿਤ ਹਨ। 'ਸੁਹਾਗ' (ਦੁਲਹਨ) ਇਕਾਂਗੀ ਦੀ ਵਿਸ਼ਾ ਸਾਡੇ ਸਮਾਜ ਵਿੱਚ ਗਰੀਬੀ ਤੇ ਕਰਜ਼ੇ ਦੇ ਭਾਰ ਹੇਠ ਦੱਬੇ ਲੋਕਾਂ ਦੀਆਂ ਧੀਆਂ ਨੂੰ ਵਿਆਹੁਣ ਦੀ ਸਮੱਸਿਆ ਹੈ, ਜਿਸ ਦਾ ਸਿੱਟਾ ਅਨਜੋੜ ਵਿਆਹ ਨਿਕਲਦਾ ਹੈ। ਇਕਾਂਗੀ-ਕਾਰ ਨੇ 1913 ਵਿੱਚ ਜਦੋ ਇਹ ਨਾਟਕ ਲਿਖਿਆ, ਉਸ ਸਮੇਂ ਧੀਆਂ ਨੂੰ ਛੋਟੀ ਉਮਰ ਵਿਆਹੁਣ, ਗਰੀਬੀ ਤੇ ਕਰਜ਼ੇ ਦੇ ਭਾਰ ਹੇਠਾਂ ਦੱਬੇ ਲੋਕਾਂ ਦੇ ਮੁਟਿਆਰ ਧੀਆਂ ਦੇ ਪੈਸੇ ਲੈ ਕੇ ਬੁੱਢਿਆਂ ਨਾਲ ਵਿਆਹ ਦੇਣ ਜਾਂ ਮਜਬੂਰੀ ਅਧੀਨ ਗੁੱਡੀਆਂ-ਪਟੋਲੇ ਖੇਡਦੀਆਂ ਧੀਆਂ ਨੂੰ ਹੀ ਬੁੱਢਿਆਂ ਨਾਲ ਵਿਆਹ ਦੇਣ ਦੀ ਸਮੱਸਿਆ ਪ੍ਰਧਾਨ ਸੀ। ਘਰਾਂ ਦੀਆਂ ਜਨਾਨੀਆਂ, ਕੁੜੀਆਂ ਨੂੰ ਛੋਟੀ ਉਮਰ ਵਿੱਚ ਵਿਆਹੁਣ 'ਤੇ ਜ਼ੋਰ ਦਿੰਦੀਆਂ ਸੀ। ਗਰੀਬ ਆਦਮੀ ਕੋਲ ਧੀ ਦਾ ਵਿਆਹ ਕਰਨ ਲਈ ਪੈਸੇ ਨਹੀਂ ਸਨ ਹੁੰਦੇ ਤੇ ਹਵਸੀ ਅਮੀਰ ਲੋਕਾਂ ਦੀ ਪੈਸੇ ਦੀ ਛਣਕਾਰ ਉਨ੍ਹਾਂ ਨੂੰ ਅਨਜੋੜ ਵਿਆਹ ਕਰਨ ਲਈ ਮਜਬੂਰ ਕਰਦੀ ਸੀ। ਕਿਉਂਕਿ ਇਸ ਤਰ੍ਹਾਂ ਦੇ ਦੋ ਆਰਥਿਕ ਮਸਲੇ ਹੱਲ ਹੁੰਦੇ ਹਨ। ਇੱਕ ਤਾਂ

ਦੀ ਵਿਆਹੀ ਜਾਂਦੀ ਸੀ, ਦੂਸਰੇ ਧੀ ਦੇ ਪੈਸੇ ਵੱਟ ਕੇ ਜਾਂ ਤਾਂ ਸਾਹੂਕਾਰ ਦਾ ਕਰਜਾ ਕਿਸੇ ਹੱਦ ਤੱਕ ਲਾਹ ਹੋ ਜਾਂਦਾ ਸੀ, ਜਾਂ ਘਰ ਦਾ ਕੋਈ ਹੋਰ ਕੰਮ ਸੁਆਰਿਆ ਜਾਂਦਾ ਸੀ। ਇਸ ਪ੍ਰਕਾਰ ਉਸ ਸਮੇਂ ਧੀ ਦੇ ਪੈਸੇ ਲੈ ਕੇ ਅਨਜੋੜ ਤੇ ਜਬਰੀ ਵਿਆਹ ਦੀ ਸਮੱਸਿਆ ਸਮਾਜ ਵਿਚ ਕੋਹੜ ਵਾਂਗ ਫੈਲੀ ਹੋਈ ਸੀ। ਇਕਾਂਗੀ ਵਿਚ ਸੀਲੋ ਦੀ ਮਾਂ ਜਿਹੜੀ ਕਿ ਦੁਹਾਜੂ, ਪੁੱਤ-ਪੋਤਰਿਆਂ ਵਾਲੇ ਵਰ ਨਾਲ ਆਪਣੀ ਜੀਵਨ ਧੀ ਸੀਲੋ ਨੂੰ ਵਿਆਹੁਣ ਦੀ ਨਾਲ ਆਪਣੇ ਪਤੀ ਹੁਸ਼ਿਆਰ ਚੰਦ ਦੀ ਸਕੀਮ ਨਾਲ ਬਿਲਕੁਲ ਸਹਿਮਤ ਨਹੀਂ ਸੀ ਤੇ ਇਸ ਅਨਜੋੜ ਰਿਸ਼ਤੇ ਬਾਰੇ ਸੁਣ ਕੇ ਦੁਖੀ ਹੁੰਦੀ ਹੈ,
ਉਹ ਵੀ ਉਦੋਂ ਚੁੱਪ ਕਰ ਜਾਂਦੀ ਹੈ, ਜਦੋਂ ਹੁਸ਼ਿਆਰ ਚੰਦ ਉਸ ਨੂੰ ਵਰ ਵਾਲੇ ਘਰੋਂ ਇਸ ਵਿਆਹ ਬਦਲੇ ਮਿਲੀ ਰੁਪਇਆਂ ਦੀ ਥੈਲੀ ਵਿਖਾਉਂਦਾ ਹੈ। ਫਿਰ ਇਸ ਅਨਜੋੜ ਵਿਆਹ ਦੇ ਦੁਖਾਂਤ ਦਾ ਸਿਖਰ ਉਦੋਂ ਹੁੰਦਾ ਹੈ, ਜਦੋਂ ਸੀਲੋ ਦੇ ਘਰੋਂ ਖਿਸਕ ਜਾਣ ਤੇ ਹੁਸ਼ਿਆਰ ਚੰਦ ਗੁਡੀਆਂ ਪਟੋਲੇ ਖੇਡਦੀ ਲਾਜੋ ਨੂੰ ਹੀ ਲਾਵਾਂ ਲਈ ਚੁੱਕ ਕੇ ਲੈ ਜਾਂਦਾ ਹੈ।

ਨੰਦੇ ਨੇ ਈਸ਼ਵਰ ਆਪਣੇ ਸਮੇਂ ਦੀਆਂ ਸੁਧਾਰ ਲਹਿਰਾਂ ਤੋਂ ਪ੍ਰਭਾਵਿਤ ਹੋ ਕੇ ਸਮਾਜ ਸੁਧਾਰ ਦੀ ਪ੍ਰੇਰਨਾ ਲਈ ਇਹ ਵਿਸ਼ਾ ਚੁਣਿਆ ਹੈ ਤੇ ਉਹ ਗੁਡੀਆਂ ਪਟੋਲੇ ਖੇਡਦੀ ਲਾਜੋ ਦਾ ਜਬਰ-ਦਸਤੀ ਬੁੱਢੇ ਨਾਲ ਹੋ ਰਿਹਾ ਵਿਆਹ ਦਰਸ਼ਾ ਕੇ ਸਾਡੇ ਲੂੰ ਕੰਡੇ ਖੜੇ ਕਰ ਦਿੱਤਾ ਹੈ ਤੇ ਸਾਨੂੰ ਸਮਾਜ ਵਿਚੋਂ ਇਸ ਬੁਰਾਈ ਤੇ ਜਬਰ ਕਰ ਦਿੱਤਾ ਹੈ ਤੇ ਦੂਰ ਕਰਨ ਦੀ ਪ੍ਰੇਰਨਾ ਦਿੱਤਾ ਹੈ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਨੰਦੇ ਦੇ ਇਸ ਨਾਟਕ ਦਾ ਵਿਸ਼ਾ ਅਨਜੋੜ ਵਿਆਹ ਦੀ ਸਮੱਸਿਆ ਦੁਆਲੇ ਘੁੰਮਦਾ ਹੈ। ਪਰ ਉਹ ਇਸ ਵਿਚ ਸਮੱਸਿਆ ਦਾ ਨਾ ਤਾਂ ਕੋਈ ਹੱਲ ਹੀ ਦੱਸ ਸਕਿਆ ਹੈ ਤੇ ਨਾ ਹੀ ਇਸ ਦੇ ਹੱਲ ਵੱਲ ਕੋਈ ਸੰਕੇਤ ਕਰ ਸਕਿਆ ਹੈ। ਉਹ ਇਹ ਬਿਲਕੁਲ ਨਹੀਂ ਦੱਸ ਸਕਿਆ ਕਿ ਇਹ ਸਮੱਸਿਆ ਦੂਰ ਕਿਵੇਂ ਹੋ ਸਕਦੀ ਹੈ। ਅੱਜ-ਕਲ੍ਹ ਭਾਵੇਂ ਇਹ ਸਮੱਸਿਆ ਉਸ ਸਮੇਂ ਵਾਲੇ ਭਿਆ-ਨਕ ਰੂਪ ਵਿਚ ਗਰੀਬ ਤੇ ਕਰਜ਼ੇ ਦੇ ਮਾਰੇ ਮਾਪਿਆਂ ਦੇ ਅਸੱਗੀ ਧੀਆਂ ਦੇ ਵਿਆਹ ਦੀ ਸਮੱਸਿਆ ਮੌਜੂਦ ਰਹਿੰਦੀ ਹੈ

ਉਝ ਵਰਤਮਾਨ ਸਮੇਂ ਵਿੱਚ ਇਸਤਰੀ ਵਿੱਦਿਅਕ ਦੇ ਸਮਾਜ ਸੁਧਾਰ ਦੇ ਵਿਚਾਰਾਂ ਤੇ ਦਾਜ ਵਿਰੋਧੀ ਲਹਿਰਾਂ ਤੇ ਕਾਨੂੰਨਾਂ ਨੇ ਇਸ ਸਮੱਸਿਆ ਦੀ ਭਿਆਨਕਤਾ ਨੂੰ ਘਟਾਉਣ ਵਿਚ ਕੋਈ ਕਾਫ਼ੀ ਹਿੱਸਾ ਪਾਇਆ ਹੈ।

2 ਇਕਾਂਗੀ ਦੇ ਤੌਰ ਤੇ ਉਸਦੀ ਪਰਖ ?

= 'ਦੁਲਹਨ' (ਸੁਹਾਗ) ਇਕਾਂਗੀ ਪੰਜਾਬੀ ਇਕਾਂਗੀ ਦੇ ਪਿਤਾਮਾ ਈਸ਼ਵਰ ਚੰਦਰ ਨੰਦਾ ਨੇ ਸ਼੍ਰੀਮਤੀ ਨੌਰਾਹ ਰਿਚਰਡਜ਼ ਦੀ ਪ੍ਰੇਰਨਾ ਹੇਠ 1913 ਈ: ਵਿਚ ਲਿਖਿਆ ਤੇ ਇਹ ਉਹ ਇਕਾਂਗੀ ਹੈ, ਜਿਸ ਨਾਲ ਪੰਜਾਬੀ ਵਿਚ ਰੰਗ "ਮੰਚ ਦੀਆਂ ਲੋੜਾਂ" ਨੂੰ ਮੁੱਖ ਰੱਖ ਕੇ ਨਾਟਕ ਦੀ ਰਚਨਾ ਆਰੰਭ ਹੋਈ। ਹੇਠਾਂ ਅਸੀਂ ਇਸ ਇਕਾਂਗੀ ਦੀ ਸਾਹਿਤਕ ਦ੍ਰਿਸ਼ਟੀਕੋਣ ਤੋਂ ਪਰਖ ਕਰਦੇ ਹਾਂ —

ਵਿਸ਼ਾ ਵਸਤੂ — ਇਸ ਇਕਾਂਗੀ ਦਾ ਵਿਸ਼ਾ ਸਾਡੇ ਸਮਾਜ ਵਿੱਚ ਗਰੀਬੀ ਤੇ ਕਰਜ਼ੇ ਦੇ ਭਾਰ ਹੇਠ ਦੱਬੇ ਲੋਕਾਂ ਦੀ ਧੀਆਂ ਨੂੰ ਵਿਆਹੁਣ ਦੀ ਸਮੱਸਿਆ ਹੈ। ਇਕਾਂਗੀਕਾਰ ਨੇ 1913 ਈ: ਵਿਚ ਜਦੋਂ ਇਹ ਨਾਟਕ ਲਿਖਿਆ, ਉਸ ਸਮੇਂ ਧੀਆਂ ਨੂੰ ਛੋਟੀ ਉਮਰ ਵਿਚ ਵਿਆਹੁਣ, ਗਰੀਬੀ ਤੇ ਕਰਜ਼ੇ ਦੇ ਭਾਰ ਹੇਠਾਂ ਦੱਬੇ ਲੋਕਾਂ ਦੇ ਮੁਟਿਆਰ ਧੀਆਂ ਦੇ ਪੈਸੇ ਲੈ ਕੇ ਬੁੱਢਿਆਂ ਨਾਲ ਵਿਆਹ ਦੇਣ ਜਾਂ ਇਸ ਮਜਬੂਰੀ ਅਧੀਨ ਗੁੱਡੀਆਂ-ਪਟੋਲੇ ਖੇਡਦੀਆਂ ਧੀਆਂ ਨੂੰ ਬੁੱਢਿਆਂ ਨਾਲ ਵਿਆਹ ਦੇਣ ਦੀ ਸਮੱਸਿਆ ਪ੍ਰਚਲਤ ਸੀ। ਇਕਾਂਗੀਕਾਰ ਇਸ ਰਚਨਾ ਵਿਚ ਇਸ ਸਮੱਸਿਆ ਦਾ ਨਾ ਤਾਂ ਕੋਈ ਠੋਸ ਹੱਲ ਹੀ ਦੱਸ ਸਕਿਆ ਹੈ ਤੇ ਨਾ ਹੀ ਇਸ ਦੇ ਹੱਲ ਦੀ ਕੋਈ ਸੰਕੇਤ ਕਰ ਸਕਿਆ ਹੈ। ਅੱਜ ਕੱਲ੍ਹ ਭਾਵੇਂ ਇਹ ਨਹੀਂ ਰਹੀ ਪਰ ਫਿਰ ਵੀ ਕਿਸੇ ਨਾ ਕਿਸੇ ਰੂਪ ਵਿੱਚ ਗਰੀਬ ਤੇ ਕਰਜ਼ੇ ਦੇ ਮਾਰੇ ਮਾਪਿਆਂ ਦੇ ਅੱਗੇ ਧੀਆਂ ਦੇ ਵਿਆਹ ਦੀ ਸਮੱਸਿਆ ਮੌਜੂਦ ਰਹਿੰਦੀ ਹੀ ਹੈ। ਉਝ ਵਰਤਮਾਨ ਸਮੇਂ ਵਿੱਚ ਇਸਤਰੀ-ਵਿਦਿਆ ਤੇ ਸਮਾਜ-ਸੁਧਾਰ ਦੇ ਵਿਚਾਰਾਂ, ਦਾਜ ਵਿਰੋਧੀ ਲਹਿਰਾਂ ਤੇ ਕਾਨੂੰਨਾਂ ਨੇ ਇਸ ਸਮੱਸਿਆ ਦੀ ਭਿਆਨਕਤਾ ਨੂੰ ਘਟਾਉਣ ਵਿੱਚ ਕਾਫ਼ੀ ਹਿੱਸਾ ਪਾਇਆ ਹੈ।

**ਉਦੇਸ਼ ਜਾਂ ਮੰਤਵ** – ਈਸ਼ਵਰ ਚੰਦਰ ਨੰਦੇ ਦਾ ਇਹ ਇਕਾਂਗੀ ਸਮਕਾਲੀ ਸਮਾਜ ਸੁਧਾਰਕ ਲਹਿਰਾਂ ਅਧੀਨ ਪਸਰ ਰਹੇ ਵਿਚਾਰਾਂ ਦੀ ਉਪਜ ਹੈ। ਇਸ ਪ੍ਰਕਾਰ ਉਸ ਨੇ ਇਹ ਇਕਾਂਗੀ ਸਮਾਜ ਸੁਧਾਰ ਦੇ ਉਦੇਸ਼ ਨਾਲ ਲਿਖਿਆ ਹੈ। ਉਹ ਸਾਡੇ ਸਾਹਮਣੇ ਸਮਕਾਲੀ ਸਮਾਜ ਵਿਚ ਗਰੀਬੀ ਤੇ ਕਰਜ਼ੇ ਦੇ ਮਾਰੇ ਲੋਕਾਂ ਦੀ ਮਜਬੂਰੀ ਤੇ ਉਨ੍ਹਾਂ ਦੁਰਭਾਗਾਂ ਧੀਆਂ ਦੇ ਪੈਸੇ ਲੈ ਕੇ ਉਨ੍ਹਾਂ ਨੂੰ ਬੁੱਢਿਆਂ ਨਾਲ ਵਿਆਹ ਦੇਣ ਦੀ ਗੰਭੀਰ ਸਮੱਸਿਆ ਨੂੰ ਰੱਖ ਕੇ ਸਾਨੂੰ ਸਮਾਜ ਵਿਚੋਂ ਇਸ ਲਾਹਨਤ ਨੂੰ ਦੂਰ ਕਰਨ ਲਈ ਉੱਦਮ ਕਰਨ ਦੀ ਸਭ ਪ੍ਰੇਰਨਾ ਦਿੰਦਾ ਹੈ। ਉਹ ਗੁੱਡੀਆਂ-ਪਟੋਲੇ ਖੇਡਦੀ ਬਾਲੋ ਦਾ ਜਬਰਦਸਤੀ ਬੁੱਢੇ ਨਾਲ ਹੋ ਰਿਹਾ ਵਿਆਹ ਦਰਸਾ ਕੇ ਸਾਡੇ ਨੂੰ ਪਰ੍ਹੇ ਕਰ ਦਿੰਦਾ ਹੈ ਤੇ ਸਾਨੂੰ ਇਸ ਬਾਰੇ ਸੋਚਣ ਲਈ ਪੇਸ਼ ਸਕਿਆ ਕਿ ਇਹ ਇਕ ਸਮੱਸਿਆ ਦੂਰ ਕਿਵੇਂ ਹੋਵੇ। ਇਸ ਪ੍ਰਕਾਰ ਇਸ ਇਕਾਂਗੀ ਦਾ ਉਦੇਸ਼ ਸਮਾਜ ਨੂੰ ਪ੍ਰੇਰਨਾ ਦੇਣਾ ਹੈ।

**ਪਲਾਟ ਜਾਂ ਗੋਂਦ** – ਇਸ ਇਕਾਂਗੀ ਦਾ ਪਲਾਟ 1913 ਦੇ ਪੰਜਾਬ ਦੇ ਪੇਂਡੂ ਜੀਵਨ ਨਾਲ ਸੰਬੰਧਿਤ ਹੈ। ਮਾਪਿਆਂ ਦਾ ਧੀਆਂ ਨੂੰ ਛੋਟੀ ਉਮਰ ਵਿਚ ਹੀ ਵਿਆਹ ਦੇਣ ਦਾ ਫਿਕਰ ਕਰਨਾ, ਅਸਾਂਢਿਆਂ-ਗੁਆਂਢਿਆਂ, ਬੁੱਢੀਆਂ ਦਾ ਇਕੱਠੀਆਂ ਹੋ ਕੇ ਕੁੜੀਆਂ ਨੂੰ ਵੱਡੀ ਉਮਰ ਦੀਆਂ ਕਹਿ ਕੇ ਵਿਆਹੁਣ ਦੇ ਰਿਵਾਜ ਨੂੰ ਬੁਰਾ ਸਮਝਣਾ, ਗਰੀਬ ਅਤੇ ਕਰਜ਼ੇ ਦੇ ਭਾਰ ਥੱਲੇ ਮਾਪਿਆਂ ਦਾ ਮੁਟਿਆਰ ਧੀ ਨੂੰ ਬੁੱਢੇ ਨਾਲ ਵਿਆਹ ਦੇਣ ਲਈ ਤਿਆਰ ਹੋਣਾ, ਘਰ ਵਿਚ ਲੈਣ, ਦਾ ਫਿਰਨਾ ਤੇ ਇਕ ਗੱਲ ਨੂੰ ਸਾਰੇ ਪਿੰਡ ਵਿੱਚ ਧੁੰਮਾ ਦੇਣਾ, ਮੇਲੋ ਵਰਗੀ ਕੁੜੀ ਦਾ ਬੁੱਢੇ ਨਾਲ ਵਿਆਹ ਨੂੰ ਪਸੰਦ ਨਾ ਕਰਦੇ ਹੋਏ ਆਪਣੀ ਸਹੇਲੀ ਬਸੰਤੋ ਦੀ ਸਹਾਇਤਾ ਨਾਲ ਘਰੋਂ ਨਠ ਜਾਣਾ ਤੇ ਮਜਬੂਰ ਹੁਸ਼ਿਆਰ ਚੰਦ ਦਾ ਮੇਲੋ ਦੀ ਅਣਪ੍ਰਾਪਤੀ ਵਿਚ ਗੁੱਡੀਆਂ ਪਟੋਲੇ ਖੇਡਦੀ ਧੀ ਨੂੰ ਬੁੱਢੇ ਨਾਲ ਵਿਆਹ ਦੇਣ ਲਈ ਤਿਆਰ ਹੋ ਜਾਣਾ ਆਦਿ ਘਟਨਾਵਾਂ ਕਾਫੀ ਕੁਦਰਤੀ ਹਨ ਪਰ ਇਨ੍ਹਾਂ ਵਿੱਚ ਜਿੱਥੇ ਯਥਾਰਥ ਹੈ, ਉੱਥੇ ਕਲਪਨਾ ਦਾ ਅੰਸ਼ ਵੀ ਮੌਜੂਦ ਹੈ। ਚੰਦ ਦਾ ਦੂਜੇ ਘਰ ਢੁੱਕਣਾ ਬਿਲਕੁਲ ਨਾ-ਮੰਨਣ ਵਾਲੀ ਗੱਲ ਹੈ। ਰੋਸ਼ਨ ਲਾਲ ਆਹੂਜਾ ਦੇ ਵਿਚਾਰ ਅਨੁਸਾਰ ਇਸ ਇਕਾਂਗੀ ਦਾ ਪਲਾਟ ਹੈ।

ਇਹ ਮੇਲੋ ਦਾ ਦੁਖਾਂਤ ਨਹੀਂ, ਕਿਉਂਕਿ ਬਸੰਤੋ ਉਸ ਨੂੰ ਆਪਣੇ ਨਾਲ ਲੈ ਗਈ। ਪਰ ਫਿਰ ਵੀ ਇਸ ਇਕਾਂਗੀ ਦਾ ਪਲਾਟ ਦੁਖਾਂਤ ਤੋਂ ਬਚਿਆ ਹੋਇਆ ਨਹੀਂ। ਜੇਕਰ ਇਹ ਮੇਲੋ ਦਾ ਦੁਖਾਂਤ ਨਹੀਂ, ਤਾਂ ਲਾਜੋ ਦਾ ਦੁਖਾਂਤ ਤਾਂ ਹੈ ਹੀ।

ਇਸ ਇਕਾਂਗੀ ਦਾ ਪਲਾਟ ਇਕ ਗੁਆਂਢਣ ਬੁੱਢੀ ਅਤੇ ਕੌਰਾਂ ਦੇ ਵਾਰਤਾਲਾਪ ਨਾਲ ਆਰੰਭ ਹੁੰਦਾ ਹੈ, ਜਿਸ ਵਿੱਚ ਕੌਰਾਂ ਆਪਣੀ ਧੀ ਮੇਲੋ ਦੇ ਵਿਆਹ ਦੀ ਸਮੱਸਿਆ ਨੂੰ ਪੇਸ਼ ਕਰਦੀ ਹੈ। ਹੁਸ਼ਿਆਰ ਚੰਦ ਦੇ ਆਉਣ ਨਾਲ ਉਸ ਦੇ ਜੰਡਪੁਰੇ ਵਾਲੇ ਸਾਕ ਦੀ ਖਬਰ ਦੇਣ ਨਾਲ ਇਕਾਂਗੀ ਦਾ ਪਲਾਟ ਵਿਕਾਸ ਕਰਦਾ ਹੈ। ਨੈਣ ਦੇ ਆਉਣ ਨਾਲ ਇਕਾਂਗੀ ਵਿੱਚ ਰੰਗੀਲ ਪੈਦਾ ਹੁੰਦੀ ਹੈ। ਕੌਰਾਂ ਤੇ ਹੁਸ਼ਿਆਰ ਚੰਦ ਦੀ ਟੱਕਰ ਬੜੀ ਉਤਸੁਕਤਾ ਭਰਪੂਰ ਹੈ, ਪਰ ਇਹ ਗੱਲ ਜਲਦੀ ਹੀ ਨਿਬੜ ਜਾਂਦੀ ਹੈ ਤੇ ਕੌਰਾਂ ਵਿਆਹ ਲਈ ਤਿਆਰ ਹੋ ਜਾਂਦੀ ਹੈ। ਫਿਰ ਬਸੰਤੋ ਤੇ ਮੇਲੋ ਦੀ ਵਾਰਤਾਲਾਪ ਇਕਾਂਗੀ ਵਿੱਚ ਨਵੀਂ ਸਥਿਤੀ ਪੈਦਾ ਹੁੰਦੀ ਹੈ ਤੇ ਇਕਾਂਗੀ ਤੇਜ਼ੀ ਨਾਲ ਆਪਣੇ ਸਿਖਰ ਵਲ ਵਿਕਾਸ ਕਰਦਾ ਹੈ। ਜਦੋਂ ਹੁਸ਼ਿਆਰ ਚੰਦ ਕੁੱਝ ਨਾ ਸਮਝਦਾ ਵੇਖ ਕੇ ਗੁੱਡੀਆਂ ਪਟੋਲੇ ਖੇਡਦੀ ਲਾਜੋ ਨੂੰ ਲਾਵਾਂ ਲਈ ਚੁੱਕ ਕੇ ਲੈ ਜਾਂਦਾ ਹੈ, ਤਾਂ ਇਕਾਂਗੀ ਇਸ ਤਰ੍ਹਾਂ ਇਕ ਧਮਾਕੇ ਨਾਲ ਸਮਾਪਤ ਹੋ ਜਾਂਦਾ ਹੈ। ਇਸ ਪ੍ਰਕਾਰ ਇਕਾਂਗੀ ਦਾ ਪਲਾਟ ਬੜੇ ਉਤਸੁਕਤਾ ਭਰੇ ਨਾਟਕੀ ਮੋੜਿਆਂ ਤੇ ਸਥਿਤੀਆਂ ਨਾਲ ਭਰਪੂਰ ਹੈ।
ਇਕਾਂਗੀਕਾਰ ਨੇ ਇਸ ਇਕਾਂਗੀ ਵਿਚ ਸਮੇਂ, ਸਥਾਨ ਤੇ ਕਾਰਜ ਦੀ ਏਕਤਾ ਦਾ ਪੂਰਾ-ਪੂਰਾ ਧਿਆਨ ਰੱਖਿਆ ਹੈ। ਇਸ ਦੀਆਂ ਸਾਰੀਆਂ ਘਟਨਾਵਾਂ ਹੁਸ਼ਿਆਰ ਚੰਦ ਦੇ ਘਰ ਵਿਚ ਤਿੰਨ-ਚਾਰ ਘੰਟਿਆਂ ਵਿੱਚ ਹੀ ਵਾਪਰਦੀਆਂ ਹਨ ਅਤੇ ਇਸ ਦੀਆਂ ਸਾਰੀਆਂ ਘਟਨਾਵਾਂ ਦਾ ਸੰਬੰਧ ਗਰੀਬ ਤੇ ਕਰਜਾਈ ਮਾਪਿਆਂ ਦੀ ਧੀ ਦੇ ਵਿਆਹ ਦੀ ਸਮੱਸਿਆ ਨਾਲ ਹੀ ਹੈ।
ਸਮੁੱਚੇ ਤੌਰ 'ਤੇ ਇਸ ਇਕਾਂਗੀ ਦਾ ਪਲਾਟ ਕਾਫ਼ੀ ਸੁਚੱਜਾ ਹੈ।

ਪਾਤਰ- ਉਸਾਰੀ ਜਾਂ ਚਰਿੱਤਰ ਚਿਤਰਨ- ਇਸ ਇਕਾਂਗੀ ਵਿੱਚ ਕੁੱਲ ਨੌਂ ਪਾਤਰ ਪ੍ਰਵੇਸ਼ ਕਰਦੇ ਹਨ- ਹੁਸ਼ਿਆਰ ਚੰਦ, ਕੌਰਾਂ, ਮੇਲੋ, ਲਾਜੋ, ਇੱਕ ਬੁੱਢੀ

ਇਕ ਨਿੱਕਾ ਜਿਹਾ ਰੂੜਿਆਂ, ਬਸੰਤੋ, ਨੈਣ ਤੇ ਪਾਂਧਾ। ਪ੍ਰਸ਼ਿੰਗਾਰ ਚੰਦ ਇਸ ਇਕਾਂਗੀ ਦਾ ਮਹੱਤਵਪੂਰਨ ਪਾਤਰ ਹੈ ਪਰ ਉਹ ਪ੍ਰਸ਼ਿੰਗਾਰ ਚੰਦ ਦੇ ਸਾਹਮਣੇ ਬੇਵੱਸ ਹੈ। ਮੇਲੋ ਦਾ ਪਾਤਰ ਬਹੁਤਾ ਮਹੱਤਵਪੂਰਨ ਨਹੀਂ ਬਣ ਸਕਿਆ। ਇਕਾਂਗੀ ਦੇ ਸਾਰੇ ਪਾਤਰ ਸਾਡੇ ਪੇਂਡੂ ਜੀਵਨ ਨਾਲ ਸੰਬੰਧ ਰੱਖਦੇ ਅਤੇ ਯਥਾਰਥਕ ਪਾਤਰ ਹਨ। ਨੰਦਾ ਪਾਤਰ ਚਿਤਰਨ ਦਾ ਉਸਤਾਦ ਹੈ। ਉਸ ਨੇ ਬੁੱਢਿਆਂ ਦੇ ਸੁਭਾਵਾਂ, ਖ਼ਾਹਿਸ਼ਾਂ ਤੇ ਭਾਵਾਂ ਨੂੰ ਬੜੀ ਖ਼ੂਬਸੂਰਤੀ ਤੇ ਹੱਲੀ ਪ੍ਰਸ਼ਿੰਗਾਰ ਚੰਦ ਦਾ ਪਾਤਰ ਚਿਤਰਨ ਵਿਚ ਵੀ ਸਫਲ ਹੈ। ਪਾਤਰਾਂ ਦੇ ਚਰਿੱਤਰ ਚਿਤਰਨ ਵਿੱਚ ਇਕਾਂਗੀਕਾਰ ਨੇ ਕਾਫ਼ੀ ਮਨੋਵਿਗਿਆਨਿਕ ਸੂਝ ਤੋਂ ਕੰਮ ਲਿਆ ਹੈ। ਉਸ ਦੇ ਪਾਤਰ ਜਿਉਂਦੇ ਜਾਗਦੇ ਤੇ ਕੁਦਰਤੀ ਹਨ।

ਇਕਾਂਗੀਕਾਰ ਨੇ ਪਾਤਰ ਚਿਤਰਨ ਲਈ ਕਈ ਪ੍ਰਕਾਰ ਦੇ ਸਾਧਨਾਂ ਦੀ ਵਰਤੋਂ ਕੀਤੀ ਹੈ। ਜਿਵੇਂ ਰੰਗਮੰਚ ਸੰਕੇਤਾਂ ਦੁਆਰਾ ਪਾਤਰ ਚਿਤਰਨ, ਪਾਤਰਾਂ ਦੀ ਆਪਸੀ ਵਾਰਤਾਲਾਪ ਦੁਆਰਾ ਪਾਤਰ ਚਿਤਰਨ, ਪਾਤਰਾਂ ਦੇ ਕਾਰਜਾਂ ਦੁਆਰਾ ਪਾਤਰ ਚਿਤਰਨ ਅਤੇ ਮਨਬਚਨੀ ਦੁਆਰਾ ਪਾਤਰ ਚਿਤਰਨ ਆਦਿ। ਉਸ ਨੇ ਦੋ ਪਾਤਰਾਂ ਦੀ ਵਾਰਤਾਲਾਪ ਰਾਹੀਂ ਕਿਸੇ ਤੀਜੇ ਪਾਤਰ ਦਾ ਚਿਤਰਨ ਵੀ ਕੀਤਾ ਹੈ, ਜਿਵੇਂ ਬਸੰਤੋ ਤੇ ਮੇਲੋ ਦੀ ਵਾਰਤਾਲਾਪ ਤੋਂ ਨੈਣ ਬਾਰੇ ਪਤਾ ਲੱਗਦਾ ਹੈ ਕਿ ਉਹ ਕਿਸੇ ਗੱਲ ਨੂੰ ਪਚਾ ਕੇ ਨਹੀਂ ਰੱਖ ਸਕਦੀ।

**ਵਾਤਾਵਰਨ** — ਇਸ ਇਕਾਂਗੀ ਦਾ ਵਾਤਾਵਰਨ ਇਕ ਪੇਂਡੂ ਘਰ ਦਾ ਹੈ ਅਤੇ ਇਸ ਵਿਚ 1913 ਦੇ ਪੰਜਾਬੀ ਸਮਾਜਿਕ ਜੀਵਨ ਦੀ ਇੱਕ ਸਜੀਵ ਝਾਕੀ ਮੌਜੂਦ ਹੈ। ਘਰ ਵਿਚ ਫੁਲਕਾਰੀ ਕੱਢਣਾ, ਲਾਜੋ ਦਾ ਗੁੱਡੀਆਂ ਨਾਲ ਖੇਡਣਾ, ਗੁਆਂਢ-ਣ ਪੁੱਛੀ ਤੇ ਨੈਣ ਆਦਿ ਦਾ ਆ ਕੇ ਗੱਲੀਂ ਲੱਗਣਾ, ਵਿਆਹ ਵਿੱਚ ਸੀ ਪਾਂਧੇ ਦਾ ਪ੍ਰਧਾਨ ਹੋਣਾ ਆਦਿ ਸਭ ਕੁੱਝ ਇਸ ਇਕਾਂਗੀ ਵਿੱਚ ਪੇਸ਼ ਕਾਲ ਨੂੰ ਸਜੀਵ ਰੂਪ ਵਿੱਚ ਪੇਸ਼ ਕਰਦਾ ਹੈ।

**ਵਾਰਤਾਲਾਪ** — ਇਸ ਇਕਾਂਗੀ ਦਾ ਵਾਰਤਾਲਾਪ ਬੜਾ ਯਥਾਰਥਕ ਕਾਵਿ-ਮਈ, ਮੁਹਾਵਰੇਦਾਰ, ਅਲੰਕਾਰਕ, ਚਟਪਟੀ

ਗਰੀਬੀ, ਬੇਰੁਜ਼ਗਾਰ ਅਤੇ ਪਾਤਰਾਂ ਦੀ ਮਨੋਭਾਵਾਂ ਨਾਲ ਭਰਪੂਰ ਹੈ। ਰੌਸ਼ਨ ਲਾਲ ਅਹੂਜਾ ਦੇ ਵਿਚਾਰ ਅਨੁਸਾਰ ਨੰਦੇ ਦਾ ਵਾਰਤਾ-ਲਾਪ ਹਾਸੀ, ਵਿਅੰਗ, ਵਕ੍ਰੋਕਤੀ, ਪੇਂਡੂ ਬੋਲੀ ਅਤੇ ਮੁਹਾਵਰੇ ਦੀ ਵਰਤੋਂ ਕਰਨ ਅਤਿ ਰੋਚਕ ਅਤੇ ਯਥਾਰਥਕ ਹੈ।"
ਵਾਰਤਾਲਾਪ ਪਾਤਰਾਂ ਦੇ ਸੁਭਾਵਾਂ ਨੂੰ ਉਘਾੜਨ ਤੇ ਨਿਖੇੜਨ ਵਿੱਚ ਪੂਰੀ ਤਰ੍ਹਾਂ ਸਫ਼ਲ ਹੈ. ਵੇਖੋ ਨਮੂਨਾ—

ਨੌਰਾਂ — 'ਸ਼ੁਕਰ ਏ, ਇਹ ਵੀ ਸੀਗ ਫਿਕਰ ਲੱਥਾ, ਕੁੜੀ ਆਪਣੇ ਘਰ ਵੱਸੂ ਰੱਸੂ। ਸਿਆਣੇ ਕਹਿੰਦੇ ਨੇ, ਰੱਬ ਦੀਆਂ 'ਤੇ ਛੌੜ-ਚਲਦਾ ਏ। ਜੇ ਦਿਨ ਆਵਣ ਚੰਗੜੇ, ਭੁੱਜੇ ਉੱਗਣ ਸੋਰ। ਰਾਤ-ਦਿਨ ਚਿੰਤਾ ਵਿਚ ਸੁੱਕਦਾ ਸੀ ਤੇ ਲੱਖ-ਲੱਖ ਥੱਕ ਗਏ ਸਾਂ। ਪਰ ਜਦੋਂ ਰੱਬ ਦੀ ਨਜ਼ਰ ਸਵੱਲੀ ਹੋਈ ਤਾਂ ਸਭ ਕੁੱਝ ਆਪੇ ਈ ਹੋ ਜਾਵੇ-ਗਾ।"

ਭਾਸ਼ਾ ਸ਼ੈਲੀ- ਇਸ ਇਕਾਂਗੀ ਦੀ ਭਾਸ਼ਾ ਉਪਰ ਦੱਸੇ ਅਨੁਸਾਰ ਮੁਹਾਵਰੇਦਾਰ, ਅਖਾਣਾਂ ਭਰੀ, ਚਟਪਟੀ, ਸੁਆਦਲੀ ਅਤੇ ਪਾਤਰਾਂ ਦੇ ਭਾਵਾਂ ਨੂੰ ਪ੍ਰਗਟ ਕਰਨ ਵਿੱਚ ਪੂਰੀ ਤਰ੍ਹਾਂ ਸਮਰੱਥ ਹੈ। ਉਸ ਦੀ ਸ਼ੈਲੀ ਨਾਟਕੀ ਗੁਣਾਂ ਨਾਲ ਭਰਪੂਰ ਅਤੇ ਰਸ ਭਰੀ ਹੈ।

ਸਿਰਲੇਖ- 'ਦੁਲਹਨ' ਜਾਂ 'ਸੁਹਾਗ' ਇਕਾਂਗੀ ਦਾ ਇਹ ਢੁੱਕਵਾਂ ਅਤੇ ਫਬਦਾ ਹੈ। ਈਸ਼ਵਰ ਚੰਦਰ ਨੰਦਾ ਨੇ ਪਹਿਲਾਂ ਇਸ ਨਾਟਕ ਨੂੰ 'ਦੁਲਹਨ' ਸਿਰਲੇਖ ਹੇਠ ਛਪਵਾਇਆ ਸੀ, ਪਰ ਪਿੱਛੋਂ ਉਸ ਨੇ ਇਸ ਦਾ ਨਾਂ ਬਦਲ ਕੇ 'ਸੁਹਾਗ' ਰੱਖ ਦਿੱਤਾ। ਇਕਾਂਗੀ ਦਾ ਇਹ ਨਾ ਇਸ ਇਕਾਂਗੀ ਦੇ ਵਿਸ਼ੇ ਵਲ ਅਰਥਾਤ ਗਰੀਬ ਤੇ ਕਰਜਾਈ ਲੋਕਾਂ ਦੇ ਘਰਾਂ ਵਿੱਚ ਵਿਆਹ ਦੀ ਸਮੱਸਿਆ ਵਲ ਸੰਕੇਤ ਕਰਦਾ ਹੈ। ਇਕਾਂਗੀ ਵਿੱਚ ਇਕਾਂਗੀ-ਕਾਰ ਨੇ ਸਾਡੇ ਸਮਾਜ ਵਿਚ ਗਰੀਬ ਤੇ ਕਰਜਾਈ ਲੋਕਾਂ ਦੇ ਘਰਾਂ ਵਿੱਚ ਧੀ ਦੇ ਵਿਆਹ ਦੀ ਸਮੱਸਿਆ ਨੂੰ ਪੇਸ਼ ਕਰਦਿਆਂ ਦੱਸਿਆ ਹੈ ਕਿ ਕਿਸ ਤਰ੍ਹਾਂ ਉਨ੍ਹਾਂ ਨੂੰ ਮਜਬੂਰੀ ਦੀ ਹਾਲਤ ਵਿਚ ਆਪਣੀਆਂ ਮੁਟਿਆਰ ਅਤੇ ਇੱਥੇ ਤੱਕ ਕਿ ਗੁੱਡੀਆਂ ਪਟੋਲਿਆਂ ਨਾਲ ਖੇਡਦੀਆਂ ਧੀਆਂ ਬੁੱਢਿਆਂ ਦੇ ਲੜ ਲਾਉਣੀਆਂ ਪੈਂਦੀਆਂ ਹਨ। ਇਸ ਪ੍ਰਕਾਰ ਇਸ ਇਕਾਂਗੀ ਦਾ ਇਹ ਨਾਂ ਇਕਾਂਗੀ ਦੇ ਵਿਸ਼ੇ

ਵਲ ਸੰਕੇਤ ਕਰਦਾ ਹੋਣ ਕਰਕੇ ਢੁੱਕਵਾਂ ਤੇ ਫਬਦਾ ਹੈ।

ਰੰਗ-ਮੰਚ– 'ਸੁਹਾਗ' ਇਕਾਂਗੀ ਪੰਜਾਬੀ ਸਾਹਿਤ ਦਾ ਪਹਿਲਾ ਇਕਾਂਗੀ ਹੈ, ਜਿਹੜਾ ਈਸ਼ਵਰ ਚੰਦਰ ਨੰਦਾ ਨੇ ਸ੍ਰੀਮਤੀ ਨੌਰਾਹ ਰਿਚਰਡਜ਼ ਦੀ ਪ੍ਰੇਰਨਾ ਹੇਠ ਪੱਛਮੀ ਨਾਟਕ ਦੀਆਂ ਲੀਹਾਂ ਅਨੁਸਾਰ ਆਧੁਨਿਕ ਰੰਗ-ਮੰਚ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਲਿਖਿਆ ਅਤੇ 1913 ਵਿੱਚ ਇਹ ਇਕਾਂਗੀ ਰੰਗ ਮੰਚ ਉੱਪਰ ਬੜੀ ਸਫਲਤਾ ਨਾਲ ਪੇਸ਼ ਕੀਤਾ ਗਿਆ। ਇਸ ਤਰ੍ਹਾਂ ਇਸ ਇਕਾਂਗੀ ਨਾਲ ਆਧੁਨਿਕ ਪੰਜਾਬੀ ਵਿੱਚ ਨਾਟਕ-ਰਚਨਾ ਅਤੇ ਪੰਜਾਬੀ ਰੰਗ-ਮੰਚ ਦਾ ਮੁੱਢ ਬੱਝਾ। ਇਸ ਤੋ ਪਿੱਛੋ ਇਹ ਇਕਾਂਗੀ ਕਈ ਵਾਰ ਬੜੀ ਸਫ਼ਲਤਾ ਨਾਲ ਰੰਗ-ਮੰਚ ਉੱਪਰ ਪੇਸ਼ ਨਾ ਕੀਤਾ ਜਾ ਸਕਦਾ ਹੈ। ਇਸ ਇਕਾਂਗੀ ਦਾ ਵਿਸ਼ਾ ਸਾਡੇ ਸਮਾਜ ਦੀ ਇੱਕ ਮਹੱਤਵਪੂਰਨ ਸਮੱ-ਸਿਆ -ਵਿਆਹ ਦੀ ਸਮੱਸਿਆ ਨਾਲ ਸੰਬੰਧਿਤ ਹੈ। ਇਸ ਦਾ ਮੰਤਵ ਸਾਨੂੰ ਸਮਾਜ ਸੁਧਾਰ ਦੀ ਪ੍ਰੇਰਨਾ ਦਿੰਦਾ ਹੈ। ਇਸ ਦਾ ਪਲਾਟ ਯਥਾਰਥਕ, ਕੁਦਰਤੀ, ਨਾਟਕੀ, ਸੌਖਿਆ, ਗੁੰਝਲਾ ਤੇ ਢੁੱਕਵੇ ਸਿਖਰ ਨਾਲ ਭਰਪੂਰ ਇਕਹਿਰਾ ਰੌਚਕ ਅਤੇ ਸੁਆਭਾਵਕ ਹੈ। ਇਸ ਦੇ ਪਾਤਰ ਬੜੇ ਯਥਾਰਥਕ, ਚਟਪਟੀ, ਮੁਹਾਵਰੇਦਾਰ, ਰਸੀਲੀ ਅਤੇ ਇਕਾਂਗੀ ਦੀ ਕਥਾ ਨੂੰ ਬੜੀ ਤੇਜ਼ੀ ਨਾਲ ਅੱਗੇ ਤੋਰਨ ਵਾਲੀ ਹੈ ਇਸ ਦਾ ਸਿਰਲੇਖ ਵੀ ਢੁੱਕਵਾ ਅਤੇ ਖਿੱਚ ਭਰਿਆ ਹੈ ਇਨ੍ਹਾਂ ਸਾਰੇ ਗੁਣਾਂ ਕਰਕੇ ਇਹ ਇਕਾਂਗੀ ਰੰਗ-ਮੰਚ ਉੱਪਰ ਪੂਰੀ ਤਰ੍ਹਾਂ ਸਫ਼ਲਤਾ ਪ੍ਰਾਪਤ ਕਰਨ ਜੋਗਾ ਹੈ।

ਉਪਰੋਕਤ ਸਾਰੇ ਗੁਣਾਂ ਦੀ ਰੋਸ਼ਨੀ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਇਹ ਇਕਾਂਗੀ ਸਾਹਿਤਕ ਦ੍ਰਿਸ਼ਟੀਕੋਣ ਤੋ ਪੰਜਾਬੀ ਇਕਾਂਗੀ ਸਾਹਿਤ ਦੀ ਇੱਕ ਮਹੱਤਵਪੂਰਨ ਰਚਨਾ ਹੈ

—*—*—